# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 23 ਅਪ੍ਰੈਲ 2024 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਵਿਸਾਖੀ ਨਗਰ ਕੀਰਤਨ 'ਤੇ ਲਾਈ ਪੁਸਤਕ ਪ੍ਰਦਰਸ਼ਨੀ ਨੂੰ ਨੌਜਵਾਨ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ




ਸਰੀ, 23 ਅਪ੍ਰੈਲ : ਸਰੀ ਵਿਖੇ ਸਜਾਏ ਗਏ ਵਿਸਾਖੀ ਨਗਰ ਕੀਰਤਨ ਮੌਕੇਜਿੱਥੇ ਸ਼ਰਧਾਲੂਆਂ ਨੇ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਜਗਿਆਸਾ ਦੀ ਪੂਰਤੀ ਕੀਤੀ, ਵੱਖ ਵੱਖ ਪਕਵਾਨਾਂ ਦਾ ਆਨੰਦ ਮਾਣਿਆ ਉੱਥੇ ਹੀ ਪੁਸਤਕਾਂ ਪੜ੍ਹਨ ਦੇ ਸੌਕੀਨਾਂ ਨੇ ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਲਾਏ ਬੁੱਕ ਸਟਾਲ ਉੱਪਰ ਵੀ ਵਿਸ਼ੇਸ਼ ਦਿਲਚਸਪੀ ਦਿਖਾਈ ਅਤੇ ਕਿਤਾਬਾਂ ਨੂੰ ਆਪਣਾ ਸਾਥੀ ਬਣਾਇਆ।

ਇਸ ਪੁਸਤਕ ਪ੍ਰਦਰਸ਼ਨੀ 'ਤੇ ਪਹੁੰਚ ਕੇ ਪੰਜਾਬੀ ਦੇ ਵਿਦਵਾਨ ਡਾ. ਸਾਧੂ ਸਿੰਘ, ਡਾ. ਸ਼ੁਭਪ੍ਰੇਮ ਸਿੰਘ, ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਚਿੱਤਰਕਾਰ, ਸ਼ਾਇਰ ਮੋਹਨ ਗਿੱਲ, ਪੱਤਰਕਾਰ ਸੁਰਿੰਦਰ ਚਾਹਲ, ਕੁਲਵਿੰਦਰ ਕੁਲਾਰ, ਬਲਵਿੰਦਰ ਸਿੰਘ ਪੰਧੇਰ (ਫਿਨਲੈਂਡ), ਰਣਧੀਰ ਢਿੱਲੋਂ, ਚਮਕੌਰ ਢਿੱਲੋਂ, ਡਾ. ਸੁਖਵਿੰਦਰ ਵਿਰਕ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ (ਸਿਆਟਲ), ਜਸਵੀਰ ਭਲੂਰੀਆ ਅਤੇ ਹੋਰ ਕਈ ਲੇਖਕਾਂ, ਪਾਠਕਾਂ ਨੇ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸੰਚਾਲਕ ਸਤੀਸ਼ ਗੁਲਾਟੀ ਵੱਲੋਂ ਕੈਨੇਡਾ, ਅਮਰੀਕਾ ਵਿਚ ਪੁਸਤਕਾਂ ਰਾਹੀਂ ਪੰਜਾਬੀ ਭਾਸ਼ਾ, ਸਭਿਆਚਾਰ, ਸਾਹਿਤ ਅਤੇ ਵਿਰਸੇ ਦੇ ਪ੍ਰਚਾਰ ਪਾਸਾਰ ਲਈ ਕੀਤੇ ਜਾ ਰਹੇ ਯਤਨਾਂ ਅਤੇ ਸਖਤ ਘਾਲਣਾ ਦੀ ਪ੍ਰਸੰਸਾ ਕੀਤੀ।

ਸਤੀਸ਼ ਗੁਲਾਟੀ ਨੇ ਦੱਸਿਆ ਕਿ ਪੁਸਤਕ ਪ੍ਰੇਮੀਆਂ ਵੱਲੋਂ ਇਸ ਵਾਰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੇ ਕਿਤਾਬਾਂ ਖਰੀਦਣ ਵਿਚ ਵਧੇਰੇ ਦਿਲਚਸਪੀ ਦਿਖਾਈ ਹੈ। ਨੌਜਵਾਨਾਂ ਨੇ ਵਿਸ਼ੇਸ਼ ਤੌਰ 'ਤੇ ਸਿੱਖ ਇਤਿਹਾਸ, ਪੰਜਾਬ ਅਤੇ ਉਸਾਰੂ ਸੋਚ ਨਾਲ ਸੰਬੰਧਤ ਪੁਸਤਕਾਂ ਖਰੀਦੀਆਂ। ਉਨ੍ਹਾਂ ਕਿਹਾ ਕਿ ਇਹ ਇਕ ਚੰਗਾ ਸੁਨੇਹਾ ਕਿ ਅੱਜ ਦੇ ਡਿਜ਼ੀਟਲ ਯੁਗ ਵਿਚ ਵੀ ਨੌਜਵਾਨ ਪੀੜ੍ਹੀ ਪੁਸਤਕਾਂ ਨਾਲ ਜੁੜ ਰਹੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਨਗਰ ਕੀਰਤਨ ਦੌਰਾਨ ਤਰਕਸ਼ੀਲ ਸੋਸਾਇਟੀ ਆਫ ਕੈਨੇਡਾ ਅਤੇ ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੋਸਾਇਟੀ ਵੱਲੋਂ ਵੀ ਪੁਸਤਕ ਪ੍ਰਦਰਸ਼ਨੀਆਂ ਲਾਈਆਂ ਗਈਆਂ ਸਨ।

## ਸਿਹਤ ਵਿਭਾਗ ਵੱਲੋਂ 24 ਤੋਂ 30 ਅਪ੍ਰੈਲ ਤੱਕ ਮਨਾਇਆ ਜਾਵੇਗਾ "ਵਿਸ਼ਵ ਟੀਕਾਕਰਨ ਹਫਤਾ"

### ਟੀਕਾਕਰਨ ਹਫਤੇ ਸਬੰਧੀ ਬੈਨਰ ਕੀਤਾ ਰਲੀਜ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫਰੀਦਕੋਟ, 23 ਅਪ੍ਰੈਲ : ਸਿਹਤ ਵਿਭਾਗ ਵੱਲੋਂ 24 ਤੋਂ 30 ਅਪ੍ਰੈਲ ਤੱਕ "ਵਿਸ਼ਵ ਟੀਕਾਕਰਨ ਹਫ਼ਤਾ" ਮਨਾਇਆ ਜਾ ਰਿਹਾ ਹੈ। ਇਸਦੇ ਸਬੰਧ ਵਿੱਚ ਅੱਜ ਡਾ. ਮਨਿੰਦਰ ਪਾਲ ਸਿੰਘ ਸਿਵਲ ਸਰਜਨ ਫਰੀਦਕੋਟ ਵੱਲੋਂ ਬੈਨਰ ਰਲੀਜ ਕੀਤਾ ਗਿਆ।ਇਸ ਮੌਕੇ ਉਹਨਾਂ ਨਾਲ ਜਿਲ੍ਹਾ ਟੀਕਾਕਰਨ ਅਫਸਰ ਡਾ. ਵਰਿੰਦਰ ਕੁਮਾਰ, ਜਿਲ੍ਹਾ ਪਰਿਵਰ ਭਲਾਈ ਅਫਸਰ ਡਾ. ਵਿਵੇਕ ਰਾਜੌਰਾ, ਮੈਡੀਕਲ ਅਫਸਰ ਡਾ. ਮੈਰੀ ਵੀ ਹਾਜਰ ਸਨ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਗਰਭਵਤੀ ਮਾਵਾਂ ਨੂੰ ਟੈਟਨਸ ਅਤੇ ਛੋਟੇ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਨਾਮੁਰਾਦ ਬਿਮਾਰੀਆਂ ਤੋਂ ਬਚਾਉਣ ਲਈ ਉਹਨਾਂ ਦਾ ਸੰਪੂਰਨ ਟੀਕਾਕਰਨ ਕਰਨਾ ਅਤੀ ਜਰੂਰੀ ਹੁੰਦਾ ਹੈ, ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਮਾਵਾਂ ਤੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਕਰਨ ਲਈ ਸਿਹਤ ਵਿਭਾਗ ਵੱਲੋਂ 24 ਤੋਂ 30 ਅਪ੍ਰੈਲ ਤੱਕ "ਵਿਸ਼ਵ ਟੀਕਾਕਰਨ ਹਫ਼ਤਾ" ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਵਰਿੰਦਰ ਕੁਮਾਰ ਜਿਲ੍ਹਾ ਟੀਕਾਕਰਨ ਅਫਸਰ ਫਰੀਦਕੋਟ ਨੇ ਦੱਸਿਆ ਕਿ ਐਕਸਪੈਂਡਿਡ ਪ੍ਰੋਗਰਾਮ ਆਨ ਇੰਮਨਾਈਜੇਸ਼ਨ ਦੇ 50 ਵਰ੍ਹੇ ਪੂਰੇ ਹੋਣ ਤੇ ਪੂਰੇ ਵਿਸ਼ਵ ਵਿਚ ਇਹ ਹਫ਼ਤਾ ਮਨਾਇਆ ਜਾ ਰਿਹਾ ਹੈ। ਜਿਸ ਤਹਿਤ ਜਿਲ੍ਹੇ ਭਰ ਵਿੱਚ ਤਿਆਰੀਆ ਮੁਕੰਮਲ ਕਰ ਲਈਆਂ ਗਈਆਂ ਹਨ ਤਾਂ ਜ਼ੋ ਕੋਈ ਵੀ ਗਰਭਵਤੀ ਔਰਤ ਅਤੇ ਬੱਚਾ ਟੀਕਾਕਰਨ ਤੋਂ ਵਾਂਝਾ ਨਾ ਰਹੇ। ਸਿਹਤ ਵਿਭਾਗ, ਪੰਜਾਬ ਤੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਜਿਲੇ ਅੰਦਰ ਪੈਂਦੇ ਖ਼ਾਸ ਤੌਰ ਤੇ ਸ਼ਹਿਰੀ ਅਤੇ ਪ੍ਰਵਾਸੀ ਵਸੋਂ ਵਾਲੇ ਹੋਰ ਇਲਾਕੇ ਜਿਵੇਂ ਸਲੱਮ ਏਰੀਆ, ਝੁੱਗੀਆਂ, ਝੋਪੜੀਆਂ, ਭੱਠਿਆਂ, ਪਥੇਰਾ, ਗੁਜਰਾਂ ਦੇ ਡੇਰੇ ਤੇ ਹੋਰ ਅਪਾਹੁੰਚ ਇਲਾਕਿਆਂ ਵਿੱਚ ਗਰਭਵਤੀ ਔਰਤਾਂ ਅਤੇ ਜੀਰੋ ਤੋਂ ਪੰਜ ਸਾਲ ਤੱਕ ਦੇ ਸਾਰੇ ਬੱਚਿਆਂ ਦਾ ਸੰਪੂਰਨ ਟੀਕਾਕਰਨ ਕਰਨ ਲਈ ਆਊਟ ਰੀਚ ਕੈਂਪ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਬੁੱਧਵਾਰ ਦਾ ਦਿਨ ਛੱਡ ਕੇ ਪੂਰਾ ਹਫਤਾ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਖ਼ਾਸ ਤੌਰ ਤੇ ਸ਼ਹਿਰੀ ਸਲੱਮ ਏਰੀਏ ਵਿੱਚ ਲੈਫਟ ਆਊਟ ਬੱਚਿਆਂ ਵੱਲ ਵਧੇਰੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਪੈਰਾਮੈਡੀਕਲ ਸਟਾਫ ਵੱਲੋਂ ਫੀਲਡ ਵਿੱਚ ਹੈਡ ਕਾਂਊਟ ਕਰਨ ਲਈ ਸਰਵੇ ਕੀਤਾ ਜਾ ਰਿਹਾ ਹੈ। ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਟੀਕਾਕਰਨ ਮੁਹਿੰਮ ਵਿਚ ਸ਼ਾਮਲ ਹੋਣ ਅਤੇ ਕਿਸੇ ਕਾਰਨ ਟੀਕਾਕਰਨ ਤੋ ਵਾਂਝੇ ਰਹਿ ਗਏ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕਰਵਾਇਆ ਜਾਵੇ।

ਜਿਲ੍ਹਾ ਮਾਸ ਮੀਡੀਆ ਅਫਸਰ ਕੁਲਵੰਤ ਸਿੰਘ ਅਤੇ ਡਿਪਟੀ ਮਾਸ ਮੀਡੀਆ ਅਫਸਰ ਸੁਧੀਰ ਧੀਰ ਨੇ ਦੱਸਿਆ ਕਿ ਇਸ ਮੁਹਿੰਮ ਸਬੰਧੀ ਜਾਗਰੂਕਤਾ ਫੈਲਾਉਣ ਲਈ ਸਕੂਲਾਂ ਵਿੱਚ ਭਾਸ਼ਨ, ਕੁਈਜ ਮੁਕਾਬਲੇ ਕਰਵਾਏ ਜਾਣਗੇ ਅਤੇ ਆਮ ਲੋਕਾਂ ਵਿੱਚ ਇਸ ਮੁਹਿੰਮ ਸੰਬੰਧੀ ਹੋਰ ਜਾਗਰੂਕਤਾ ਗਤੀਵਿਧੀਆਂ ਵੀ ਕੀਤੀਆਂ ਜਾਣਗੀਆਂ। ਇਸ ਮੌਕੇ ਮੈਡਮ ਅਮਨਦੀਪ ਕੌਰ, ਕੌਸ਼ਲ ਕੁਮਾਰ ਆਦਿ ਵੀ ਹਾਜਰ ਸਨ।

## ਮਾਤ- ਭਾਸ਼ਾ ਦੇ ਮੁੱਦੇ ਉੱਤੇ ਸਭਾ ਵੱਲੋਂ ਪੰਜਾਬ ਸਰਕਾਰ ਦੇ ਰਵੱਈਏ ਤੇ ਚਿੰਤਾ ਪ੍ਰਗਟ ਕੀਤੀ ਗਈ – ਕੇਂਦਰੀ ਸਭਾ ਸੇਖੋਂ

### ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦੇ ਨੂੰ ਉਭਾਰਨ ਦੀ ਲੋਕਾਂ ਤੋਂ ਮੰਗ।

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ




23 ਅਪ੍ਰੈਲ : ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਨ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ( ਸੇਖੋਂ )ਰਜਿਸਟਰਡ ਦੀ ਕਾਰਜਕਾਰਨੀ ਦੀ ਵਧਾਈ ਹੋਈ ਇਕੱਤਰਤਾ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਹੋਈ। ਸਭਾ ਵੱਲੋਂ ਸਦੀਵੀ ਵਿਛੜ ਗਏ ਪੱਤਰਕਾਰ ਜਗੀਰ ਸਿੰਘ ਜਗਤਾਰ,ਡਾਕਟਰ ਮੋਹਨਜੀਤ, ਮਾਸਟਰ ਹਰਬੰਸ ਸਿੰਘ ਹੀਉ ਅਤੇ ਹੋਰ ਲੇਖਕਾਂ ਨੂੰ ਸ਼ਰਧਾ ਸੁਮਨ ਭੇਟ ਕੀਤੇ ਗਏ। ਪ੍ਰਿੰਸੀਪਲ ਡਾਕਟਰ ਇੰਦਰਜੀਤ ਸਿੰਘ' ਬਾਸੂ 'ਦੁਆਰਾ ਰਚਿਤ ਨਾਮਵਰ ਸਾਹਿਤਕਾਰ ਅਤੇ ਲੇਖਕ ਪਵਨ ਹਰਚੰਦਪੁਰੀ ਰਚਿਤ ਮਹਾ-ਕਾਵਿ "ਜਨਮ ਏ -ਖਾਲਸਾ" ਦਾ ਬਹੁਤ ਪੱਖੀ ਅਧਿਐਨ ਸਭਾ ਦੁਆਰਾ ਲੋਕ ਅਰਪਣ ਕੀਤੀ ਗਈ। ਉਪਰੰਤ ਜਨਰਲ ਸਕੱਤਰ ਪ੍ਰੋਫੈਸਰ ਸੰਧੂ ਵਰਿਆਣਵੀ ਨੇ ਨਿਰਧਾਰਤ ਏਜੰਡਿਆਂ ਉੱਪਰ ਚਾਨਣਾ ਪਾਇਆ ਅਤੇ ਮੁੱਦਿਆਂ ਤੇ ਵਿਚਾਰ ਚਰਚਾ ਕਰਨ ਦੀ ਮੰਗ ਕੀਤੀ। ਸਭ ਤੋਂ ਪਹਿਲਾਂ ਪ੍ਰਧਾਨ ਪਵਨ ਹਰਚੰਦਪੁਰੀ ਵੱਲੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮੁੱਦੇ ਨੂੰ ਵਿਸਥਾਰ ਦਿੰਦਿਆਂ ਪੰਜਾਬ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਨਿਗਰਦੀ ਜਾ ਰਹੀ ਹਾਲਤ 'ਤੇ ਚਾਨਣਾ ਪਾਇਆ। ਉਹਨਾਂ ਪੰਜਾਬ ਅੰਦਰ ਪੰਜਾਬੀਆਂ ਦੇ ਘੱਟ ਗਿਣਤੀ ਹੋ ਜਾਣ ਦੀਆਂ ਹਾਲਤਾਂ ਨੂੰ ਵਿਚਾਰਦਿਆ ਤਵਾਜਨ ਬਣਾਈ ਰੱਖਣ ਲਈ ਵਿਸ਼ੇਸ਼ ਨਾਗਰਿਕਤਾ ਕਾਨੂੰਨ ਪੰਜਾਬ ਬਣਾਉਣ ਦੀ ਮੰਗ ਕੀਤੀ ਅਤੇ ਪੰਜਾਬ ਲਾਇਬਰੇਰੀ ਕਾਨੂੰਨ ਬਣਾਉਣ 'ਤੇ ਵੀ ਜ਼ੋਰ ਦਿੱਤਾ। ਇਸ ਉਪਰੰਤ ਅਜੰਡਿਆ : ਮੁੱਖ ਮੰਤਰੀ ਦੇ ਨਾਮ ਮੰਗ ਪੱਤਰ, ਰਾਜਨੀਤਿਕ ਪਾਰਟੀਆਂ ਵੱਲੋਂ ਭਾਸ਼ਾ ਮੁੱਦਾ, ਸਭਾ ਦੀਆਂ ਜੋਨ ਕਮੇਟੀਆਂ, ਅਕੈਡਮੀ ਚੋਣਾਂ ਅਤੇ ਵਿੱਤੀ ਮੁੱਦਿਆਂ 'ਤੇ ਚਰਚਾ ਕੀਤੀ। ਪ੍ਰੋਫੈਸਰ ਸੰਧੂ ਵਰਿਆਣਵੀ ਨੇ ਹਾਜ਼ਰ ਹਾਜ਼ਰ ਮੈਂਬਰਾਂ ਨੂੰ ਵਿਚਾਰ ਚਰਚਾ ਵਿੱਚ ਭਾਗ ਲੈਣ ਦਾ ਸੱਦਾ ਦਿੱਤਾ। ਇਸ ਵਿਚਾਰ ਚਰਚਾ ਵਿੱਚ ਸਰਵ ਸ਼੍ਰੀ ਇਕਬਾਲ ਘਰੂ, ਡਾ. ਜੋਗਿੰਦਰ ਸਿੰਘ ਨਿਰਾਲਾ,ਤਰਲੋਚਨ ਮੀਰ, ਗੁਰਚਰਨ ਸਿੰਘ ਢੁੱਡੀਕੇ, ਹਰੀ ਸਿੰਘ ਢੁੱਡੀਕੇ, ਸੁਰਿੰਦਰ ਸ਼ਰਮਾ ਨਾਗਰਾ,ਗੁਲਜਾਰ ਸਿੰਘ ਸ਼ੌਂਕੀ, ਰਵਿੰਦਰ ਚੋਟ, ਅਮਨਦੀਪ ਸਿੰਘ ਦਰਦੀ, ਅਮਰਜੀਤ ਅਮਨ, ਦਰਸ਼ਨ ਸਿੰਘ ਪ੍ਰੀਤੀਮਾਨ, ਦੇਸ ਰਾਜ ਬਾਲੀ, ਬਲਬੀਰ ਬੱਲੀ, ਮੋਹੀ ਅਮਰਜੀਤ, ਜਗਦੇਵ ਕਲਸੀ ਰਾਏਕੋਟ,ਡਾਕਟਰ ਇੰਦਰਜੀਤ ਸਿੰਘ ਵਾਸੂ, ਜਗਦੇਵ ਕਲਸੀ ਰਾਏਕੋਟ,ਕੈਪਟਨ ਦਵਿੰਦਰ ਸਿੰਘ,ਡਾ. ਜਗੀਰ ਸਿੰਘ ਨੂਰ, ਰੇਸ਼ਮ ਚਿੱਤਰਕਾਰ, ਜਗਦੀਸ਼ ਰਾਣਾ, ਜਸਵਿੰਦਰ ਜੱਸੀ, ਸਤਪਾਲ ਸਾਹਲੋਂ, ਕਮਲਜੀਤ ਕੰਵਰ,ਪਵਨ ਭੰਮੀਆਂ, ਡਾਕਟਰ ਬਿੱਕਰ ਸਿੰਘ, ਸ਼ਾਮ ਸਰਗੁੰਦੀ ,ਅਮਰੀਕ ਹਮਰਾਜ, ਭਿੰਡਰ ਪਟਵਾਰੀ, ਹਰ ਚਰਨ ਭਾਰਤੀ,ਮਨਜੀਤ ਸਿੰਘ, ਮਨੋਜ ਫਗਵਾੜਵੀ,ਦਰਸ਼ਨ ਸਿੰਘ ਰੋਮਾਣਾ, ਵਤਨਵੀਰ ਜਖਮੀ, ਆਦਿ ਨੇ ਭਾਗ ਲਿਆ। ਪ੍ਰਧਾਨ ਪਵਨ ਹਰਚੰਦਪੁਰੀ ਨੇ ਹੋਈ ਬਹਿਸ ਦਾ ਸਿੱਟਾ ਕੱਢਦਿਆ ਪੰਜਾਬੀ ਭਾਸ਼ਾ ਦੇ ਮੁੱਦੇ ਉੱਤੇ ਮੰਗਾਂ 'ਤੇ ਗੱਲਬਾਤ ਨਾ ਕਰਨ ਦੇ ਰਵੱਈਏ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਜੀ ਨੂੰ ਦੁਬਾਰਾ ਪੱਤਰ ਲਿਖਣ ਦਾ ਫੈਸਲਾ ਕੀਤਾ ਗਿਆ। ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਨੂੰ 11 ਵੱਖ ਵੱਖ ਜੋਨਾਂ ਦੀਆਂ ਮੀਟਿੰਗਾਂ ਕੇਂਦਰੀ ਸਭਾ ਦੇ ਚੁਣੇ ਹੋਏ ਅਹੁਦੇਦਾਰਾਂ ਰਾਹੀ ਕਰਵਾਉਣ ਦਾ ਫੈਸਲਾ ਕੀਤਾ ਗਿਆ। ਪੰਜਾਬੀ ਸਾਹਿਤ ਅਕੈਡਮੀ ਚੋਣਾਂ ਵਿੱਚ ਹੋਈ ਹਾਰ 'ਤੇ ਵਿਚਾਰ ਕੀਤੀ ਗਈ, ਸਬਕ ਲਏ ਗਏ ਅਤੇ ਵੱਧ ਤੋਂ ਵੱਧ ਮੈਂਬਰਾਂ ਨੂੰ ਫੰਡ ਇਕੱਠਾ ਕਰਨ ਅਤੇ ਹਿੱਸਾ ਕੇਂਦਰੀ ਸਭਾ ਨੂੰ ਦੇਣ ਦੀ ਰਵਾਇਤ ਨੂੰ ਬਣਾਉਣ ਲਈ ਕਿਹਾ ਗਿਆ। ਇਸ ਪ੍ਰਭਾਵਸ਼ਾਲੀ ਮੀਟਿੰਗ ਕਰਵਾਉਣ ਦਾ ਪ੍ਰਬੰਧ ਕਰਨ ਲਈ ਨਵੀਂ ਚੇਤਨਾ ਪੰਜਾਬੀ ਲੇਖਕ ਮੰਚ ਗੁਰਾਇਆ ਦਾ ਧੰਨਵਾਦ ਕੀਤਾ ਗਿਆ। ਆਖਰ ਵਿੱਚ ਕੇਂਦਰੀ ਸਭਾ ਦੇ ਦਫਤਰ ਸਕੱਤਰ ਜਗਦੀਸ਼ ਰਾਣਾ ਵੱਲੋਂ ਸਾਰੇ ਆਏ ਹੋਏ ਅਹੁਦੇਦਾਰਾਂ ਤੇ ਕਾਰਜਕਾਰੀ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## ਪੰਜਾਬੀ ਲੇਖਕ ਜਸਬੀਰ ਭੁੱਲਰ ਨੂੰ ਭਾਰਤੀ ਭਾਸ਼ਾ ਪਰਿਸ਼ਦ ਕੋਲਕਾਤਾ ਵੱਲੋਂ ਜੀਵਨ ਪ੍ਰਾਪਤੀ ਸਨਮਾਨ ਪ੍ਰਦਾਨ

### ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਮੁਬਾਰਕਾਂ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 23 ਅਪ੍ਰੈਲ : ਉੱਘੇ ਪੰਜਾਬੀ ਲੇਖਕ ਜਸਬੀਰ ਭੁੱਲਰ (82)ਨੂੰ ਭਾਰਤੀ ਭਾਸ਼ਾ ਪ੍ਰੀਸ਼ਦ ਕਲਕੱਤਾ ਵੱਲੋਂ ਜੀਵਨ ਭਰ ਦੀਆਂ ਸਿਰਜਣਾਤਮਕ ਪ੍ਰਾਪਤੀਆਂ ਲਈ ਸਨਮਾਨ ਵਾਸਤੇ 20 ਅਪ੍ਰੈਲ ਨੂੰ ਕੋਲਕਾਤਾ ਵਿਖੇ ਸਨਮਾਨਿਤ ਗਿਆ ਹੈ। ਇਹ ਸਨਮਾਨ ਭਾਰਤੀ ਭਾਸ਼ਾ ਪਰਿਸ਼ਦ ਦੇ ਚੇਅਰਮੈਨ ਕੁਸੁਮ ਖੇਮਾਨੀ ਵੱਲੋਂ ਪ੍ਰਦਾਨ ਕੀਤਾ ਗਿਆ।

ਇਹ ਸਨਮਾਨ ਹਰ ਸਾਲ ਭਾਰਤੀ ਭਾਸ਼ਾਵਾਂ ਦੇ ਚਾਰ ਸਿਰਕੱਢ ਨੂੰ ਦਿੱਤਾ ਜਾਂਦਾ ਹੈ। ਸਾਲ 2024 ਵਾਸਤੇ ਜਿਹਨਾਂ ਤਿੰਨ ਹੋਰ ਪ੍ਰਮੁੱਖ ਸਾਹਿਤਕਾਰਾਂ ਦੀ ਚੋਣ ਕੀਤੀ ਗਈ ਸੀ ਉਨ੍ਹਾ ਵਿੱਚ ਐਸ. ਮੁਕੰਮਨ (ਮਲੀਆਲਮ), ਰਾਧਾ ਵੱਲਭ ਤ੍ਰਿਪਾਠੀ (ਸੰਸਕ੍ਰਿਤ) ਅਤੇ ਭਗਵਾਨ ਦਾਸ ਮੋਰਵਾਲ (ਹਿੰਦੀ) ਸ਼ਾਮਿਲ ਸਨ। ਇਨ੍ਹਾਂ ਸਭਨਾਂ ਨੂੰ ਵੀ ਇਸੇ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਵਿੱਚ ਪ੍ਰਸ਼ੰਸ਼ਾ ਪੱਤਰ, ਅੰਗਵਸਤਰ ਅਤੇ 1 ਲੱਖ ਰੁਪਏ ਦੀ ਰਕਮ ਸ਼ਾਮਿਲ ਹੈ।

ਭਾਰਤੀ ਭਾਸ਼ਾ ਪ੍ਰੀਸ਼ਦ 1975 ਤੋਂ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਪਸਾਰ ਤੇ ਵਿਕਾਸ ਲਈ ਕੰਮ ਕਰਦੀ ਆ ਰਹੀ ਹੈ। ਸਮੱਗਰ ਸਨਮਾਨ ਇਸ ਨੇ 1980 ਤੋਂ ਸ਼ੁਰੂ ਕੀਤੇ। ਇਸ ਦੇ ਨਾਲ ਹੀ ਯੁਵਾ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਚਾਰ ਯੁਵਾ ਪੁਰਸਕਾਰ ਵੀ ਦਿੱਤੇ ਗਏ ਹਨ ਜਿਹਨਾਂ ਵਿੱਚ 51-51 ਹਜ਼ਾਰ ਦੀ ਰਾਸ਼ੀ ਸ਼ਾਮਲ ਹੈ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਤੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਉੱਚ ਦੋਮਾਲੜੇ ਪੰਜਾਬੀ ਲੇਖਕ ਕਰਨਲ ਜਸਬੀਰ ਭੁੱਲਰ ਨੂੰ ਮਿਲੇ ਇਸ ਪੁਰਸਕਾਰ ਲਈ ਮੁਬਾਰਕਬਾਦ ਦਿੱਤੀ ਹੈ। ਮੋਹਾਲੀ ਵੱਸਦੇ ਸੇਵਾ ਮੁਕਤ ਕਰਨਲ ਜਸਬੀਰ ਭੁੱਲਰ ਬਹੁ-ਵਿਧਾਈ ਲੇਖਕ ਹਨ ਜਿਹਨਾਂ ਨੇ ਕਹਾਣੀਆਂ , ਨਾਵਲਾਂ, ਕਾਵਿ ਸੰਗ੍ਰਿਹਾਂ, ਨਿਬੰਧ ਸੰਗ੍ਰਿਹਾਂ ਅਤੇ ਬਾਲ ਸਾਹਿਤ ਦੀਆਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਨਾਲ ਪੰਜਾਬੀ ਸਾਹਿਤ ਨੂੰ ਪ੍ਰਫੁੱਲਿਤ ਕੀਤਾ ਹੈ। ਉਹ ਭਾਰਤੀ ਸਾਹਿਤ ਅਕਾਦਮੀ, ਭਾਸ਼ਾ ਵਿਭਾਗ, ਪੰਜਾਬ, ਪੰਜਾਬ ਕਲਾ ਪਰਿਸ਼ਦ ਅਤੇ ਕਈ ਹੋਰ ਉੱਘੀਆਂ ਸਾਹਿਤਕ ਸੰਸਥਾਵਾਂ ਵੱਲੋਂ ਪਹਿਲਾਂ ਹੀ ਇਹਨਾਂ ਇਨਾਮਾਂ, ਸਨਮਾਨਾਂ ਨਾਲ ਨਿਵਾਜੇ ਜਾ ਚੁੱਕੇ ਹਨ।

ਜਸਬੀਰ ਸਿੰਘ ਭੁੱਲਰ ਦੇ ਕਹਾਣੀ ਸੰਗ੍ਰਹਿ "ਇੱਕ ਰਾਤ ਦਾ ਸਮੁੰਦਰ "ਨੂੰ ਸਾਲ 2014 ਦਾ ਢਾਹਾਂ ਇਨਾਮ ਦਿੱਤਾ ਗਿਆ ਜਿੱਥੇ ਇਹ ਪੁਸਤਕ ਦੂਜੇ ਥਾਂ ਉੱਤੇ ਰਹੀ ਜਸਬੀਰ ਭੁੱਲਰ ਦੀਆਂ ਹੋਰ ਪੁਸਤਕਾਂ ਬਾਬੇ ਦੀਆਂ ਬਾਤਾਂ,ਨਿੱਕੇ ਹੁੰਦਿਆਂ ਜੰਗਲ ਟਾਪੂ – 1,ਜੰਗਲ ਟਾਪੂ – 99 (ਕਹਾਣੀ-ਸੰਗ੍ਰਹਿ)ਚਿੜੀ ਦਾ ਇੱਕ ਦਿਨ,ਸੋਮਾ ਦਾ ਜਾਦੂ,ਜੰਗਲ ਦਾ ਰੱਬੂ ਮਗਰਮੱਛਾਂ ਦਾ ਬਸੇਰਾ,ਖੰਭਾਂ ਵਾਲਾ ਕੱਛੂਕੁੰਮਾ,ਬੁੱਧ ਸਿੰਘ ਦੇ ਸਾਵੇ ਸੁਪਨੇ (ਬਾਬਾ ਬੁੱਧ ਸਿੰਘ ਦੇ ਬਚਪਨ ਦੇ ਆਧਾਰ 'ਤੇ),ਪੰਦਰਾਂ ਵਰ੍ਹੇ ਤੱਕ (ਮਹਾਤਮਾ ਗਾਂਧੀ ਦੇ ਬਚਪਨ ਦੇ ਆਧਾਰ 'ਤੇ),ਚਾਬੀ ਵਾਲੇ ਖਿਡਾਉਣੇ (ਨਾਵਲ),ਪਤਾਲ ਦੇ ਗਿਠਮੁਠੀਏ (ਬਾਲ ਨਾਵਲ),ਚਿੱਟੀ ਗੁਫ਼ਾ ਤੇ ਮੌਲਸਰੀ (ਨਾਵਲ),ਨੰਗੇ ਪਹਾੜ ਦੀ ਮੌਤ (ਨਾਵਲ),ਜ਼ਰੀਨਾ (ਨਾਵਲ) ਮਹੂਰਤ (ਨਾਵਲ),ਖਜੂਰ ਦੀ ਪੰਜਵੀਂ ਗਿਟਕ,ਕਾਗ਼ਜ਼ ਉਤੇ ਲਿਖੀ ਮੁਹੱਬਤ ਇਕ ਰਾਤ ਦਾ ਸਮੁੰਦਰ,ਖਿੱਦੋ (ਨਾਵਲ) ਰਵੇਲੀ ਦਾ ਭੂਤ,ਸੇਵਾ ਦਾ ਕੱਮ,ਕਿਤਾਬਾਂ ਵਾਲਾ ਘਰ,ਉੱਬਲੀ ਹੋਈ ਛੱਲੀ ਕਾਗ਼ਜ਼ ਦਾ ਸਿੱਕਾ,ਪਹਿਲਾ ਸਬਕ ਵੱਡੇ ਕੱਮ ਦੀ ਭਾਲ,ਖੂਹੀ ਦਾ ਖ਼ਜ਼ਾਨਾ ਨਿੱਕੀ ਜਿਹੀ ਸ਼ਰਾਰਤ,ਲਖਨ ਵੇਲਾ ਕੋਮਲ ਅਤੇ ਹਰਪਾਲ ਨੇ ਬੂਟੇ ਲਾਏ ਹਰਪਾਲ ਸਕੂਲ ਗਿਆ,ਕੋਮਲ ਦਾ ਜਨਮ ਦਿਨ,ਨਵੇਂ ਗੁਆਂਢੀ ਬਿੰਦੀ ਪਿਨਾਂਗ ਗਈ,ਕੋਮਲ, ਹਰਪਾਲ ਅਤੇ ਡੈਡੀ ਪਾਰਕ ਵਿਚ ਗਏ ਕਠਪੁਤਲੀ ਦਾ ਤਮਾਸ਼ਾ, ਗੁੱਡੇ ਗੁੱਡੀ ਦਾ ਵਿਆਹ ਹਨ।

## ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ ਮਾਸਿਕ ਪੱਤ੍ਰਿਕਾ ਪਰਵਾਸ ਦਾ 37ਵਾਂ ਅੰਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ



ਲੁਧਿਆਣਾ 23 ਅਪ੍ਰੈਲ : ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ ਮਾਸਿਕ ਪੱਤ੍ਰਿਕਾ ਪਰਵਾਸ ਦਾ 37ਵਾਂ ਅੰਕ ਲੋਕ ਅਰਪਨ ਕੀਤਾ ਗਿਆ। ਇਸ ਲੋਕ ਅਰਪਨ ਪ੍ਰੋਗਰਾਮ ਵਿਚ ਇੰਜ. ਤੇ ਲੇਖਕ ਗੁਰਬਚਨ ਸਿੰਘ ਜਗਪਾਲ ਆਸਟਰੇਲੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਪਰਵਾਸ ਮੈਗਜ਼ੀਨ ਦਾ ਸਥਾਪਤੀ ਤੋਂ ਲੈ ਕੇ ਇਹ ਉਦੇਸ਼ ਰਿਹਾ ਹੈ ਕਿ ਵਿਦੇਸ਼ਾਂ ਵਿਚ ਵੱਸਦੇ ਉਹ ਕਲਮਕਾਰ ਜਿਨ੍ਹਾਂ ਨੇ ਉਸਾਰੂ ਸਾਹਿਤ ਸਿਰਜਿਆ ਹੈ ਪਰ ਉਹ ਹੁਣ ਤੱਕ ਅਣਗੋਲੇ ਰਹੇ ਹਨ, ਉਨ੍ਹਾਂ ਦੀਆਂ ਲਿਖਤਾਂ ਨੂੰ ਪਾਠਕਾਂ ਤੱਕ ਪਹੁੰਚਾਉਣਾ ਅਤੇ ਸੰਤੁਲਿਤ ਸਾਹਿਤ ਆਲੋਚਨਾ ਰਾਹੀਂ ਉਨ੍ਹਾਂ ਦੀਆਂ ਰਚਨਾਵਾਂ ਦੀ ਨਿਰਖ-ਪਰਖ ਕਰਨਾ ਹੈ। ਉਨ੍ਹਾਂ ਨੇ ਗੁਰਬਚਨ ਜਗਪਾਲ ਸਮੇਤ ਆਏ ਹੋਏ ਹੋਰ ਲੇਖਕਾਂ ਨੂੰ ਜੀ ਆਇਆਂ ਕਿਹਾ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਦੱਸਿਆ ਕਿ ਪਰਵਾਸ ਦੇ ਹੱਥਲੇ ਅੰਕ ਵਿਚ ਅਮਰੀਕਾ ਵੱਸਦੇ ਪ੍ਰਸਿੱਧ ਲੇਖਕ ਗ. ਸ. ਨਕਸ਼ਦੀਪ ਪੰਜਕੋਹਾ ਨੂੰ ਵਿਸ਼ੇਸ਼ ਲੇਖਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਸਰੀ ਵੱਸਦੀ ਸ਼ਾਇਰਾ ਅਤੇ ਚਿੱਤਰਕਾਰ ਬਿੰਦੂ ਦਲਵੀਰ ਕੌਰ ਦੇ ਬਣਾਏ ਚਿੱਤਰ ਨਾਲ ਪਰਵਾਸ ਮੈਗਜ਼ੀਨ ਦੇ ਟਾਈਟਲ ਨੂੰ ਸ਼ਿੰਗਾਰਿਆ ਗਿਆ ਹੈ। ਇਸ ਮੌਕੇ ਗੁਰਬਚਨ ਸਿੰਘ ਜਗਪਾਲ ਨੇ ਆਸਟਰੇਲੀਆ ਵਿਚ ਬਿਤਾਈ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕੀਤੇ ਅਤੇ ਸਿਡਨੀ ਵਿਚ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਸਥਿਤੀ ਅਤੇ ਉਨ੍ਹਾਂ ਵਲੋਂ ਨਿੱਜੀ ਤੌਰ ਤੇ ਕੀਤੇ ਗਏ ਉਪਰਾਲਿਆਂ ਬਾਰੇ ਦੱਸਿਆ। ਉਹ 1991 ਤੋਂ ਆਸਟਰੇਲੀਆ ਵਾਸੀ ਹਨ। ਉਨ੍ਹਾਂ ਨੂੰ ਨਿਊ ਸਾਊਥ ਵੇਲਸ ਵਿਚ ਬੱਚਿਆਂ ਲਈ ਪੰਜਾਬੀ ਦੇ ਪਾਠਕ੍ਰਮ ਤਿਆਰ ਕੀਤੇ ਅਤੇ ਅਧਿਆਪਕਾਂ ਨੂੰ ਪੰਜਾਬੀ ਪੜ੍ਹਾਉਣ ਦੀ ਸਿਖਲਾਈ ਵੀ ਦਿੱਤੀ। ਉਨ੍ਹਾਂ ਨੇ ਇਸ ਮੌਕੇ ਤੇ ਕਿਹਾ ਕਿ ਉਹ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਤਹਿ ਦਿੱਲੋਂ ਸ਼ੁਕਰਗੁਜ਼ਾਰ ਹਨ ਜਿਨ੍ਹਾਂ ਦੇ ਮੈਗਜ਼ੀਨ ਪਰਵਾਸ ਦੇ ਮਾਧਿਅਮ ਰਾਹੀਂ ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਤੱਕ ਪਹੁੰਚੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਹੋਏ ਸੰਵਾਦ ਵਿਚ ਪ੍ਰੋ. ਮਨਜੀਤ ਸਿੰਘ ਛਾਬੜਾ, ਡਾਇਰੈਕਟਰ ਜੀ. ਜੀ. ਜੀ. ਐਨ. ਆਈ. ਐਮ. ਟੀ., ਡਾ. ਗੁਰਇਕਬਾਲ ਸਿੰਘ, ਡਾ. ਗੁਰਚਰਨ ਕੌਰ ਕੌਚਰ ਅਤੇ ਉੱਘੇ ਸ਼ਾਇਰ ਤ੍ਰੈਲੋਚਨ ਲੋਚੀ ਨੇ ਹਿੱਸਾ ਲਿਆ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਰਸਮੀ ਤੌਰ 'ਤੇ ਸਭ ਦਾ ਧੰਨਵਾਦ ਕਰਦੇ ਹੋਏ ਪੰਜਾਬੀ ਵਿਭਾਗ ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੂੰ ਇਸ ਅੰਕ ਦੇ ਲੋਕ ਅਰਪਨ ਦੀ ਵਧਾਈ ਦਿੱਤੀ।

ਇਸ ਮੌਕੇ ਸ. ਹਰਸ਼ਰਨ ਸਿੰਘ ਨਰੂਨਾ ਆਨਰੇਰੀ ਜਨਰਲ ਸਕੱਤਰ, ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਕੌਂਸਲ ਦੇ ਮੈਂਬਰ ਸ. ਹਰਦੀਪ ਸਿੰਘ ਅਤੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਸੁਸ਼ਮਿੰਦਰਜੀਤ ਕੌਰ, ਡਾ. ਹਰਗੁਣਜੋਤ ਕੌਰ, ਡਾ. ਗੁਰਪ੍ਰੀਤ ਸਿੰਘ, ਡਾ. ਭੁਪਿੰਦਰਜੀਤ ਕੌਰ, ਡਾ. ਮਨਦੀਪ ਕੌਰ ਅਤੇ ਪਰਵਾਸ ਮੈਗਜ਼ੀਨ ਦੇ ਤਕਨੀਕੀ ਸਹਿ ਸੰਪਾਦਕ ਰਾਜਿੰਦਰ ਸਿੰਘ ਸੰਧੂ ਵੀ ਹਾਜ਼ਰ ਰਹੇ। ਪ੍ਰੋਗਰਾਮ ਦਾ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਲੋਂ ਕੀਤਾ ਗਿਆ।

## ਹੈਰੀਟੇਜ ਫਿਲਮ ਸਿਟੀ ਫਰੀਦਕੋਟ ਵਿਖੇ ਨਵੀਂ ਪੰਜਾਬੀ ਫਿਲਮ ਬਦਲਦਾ ਪੰਜਾਬ ਦੀ ਸ਼ੁਰੂਆਤ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 23 ਅਪ੍ਰੈਲ : ਫਿਲਮ ਐਂਡ ਟੈਲੀਵਿਜ਼ਨ ਮੀਡੀਆ ਐਸੋਸੀਏਸ਼ਨ ਅਤੇ ਸੀ, ਫਰੈਂਡਜ਼ ਦੇ ਬੈਨਰ ਹੇਠ ਬਣ ਰਹੀ ਪੰਜਾਬੀ ਫਿਲਮ "ਬਦਲਦਾ ਪੰਜਾਬ" ਅੱਜ ਲਾਂਚ ਕੀਤੀ ਗਈ। ਇਸ ਸ਼ੁਭ ਸਮੇਂ ਵਿੱਚ ਸ਼੍ਰੀ ਸੰਜੀਵ ਵਰਮਾ ਜੀ, ਸ਼੍ਰੀ ਜੈਨੇਂਦਰ ਕੁਮਾਰ ਜੈਨ ਜੀ ਅਤੇ ਸੁਰਿੰਦਰ ਮਹੇਸ਼ਵਰੀ ਜੀ ਨੇ ਨਾਰੀਅਲ ਤੋੜਿਆ। ਇਸ ਸਮੇਂ ਪ੍ਰਸਿੱਧ ਲੋਕ ਗਾਇਕ ਬਲਧੀਰ ਮਾਹਲਾ, ਗੁਰਬਾਜ਼ ਗਿੱਲ, ਜਗਤਾਰ ਤਿਨਕੋਣੀ, ਧਰਮ ਪਰਵਾਨਾ, ਗੁਰਤੇਜ ਪੱਖੀ ਗੀਤਕਾਰ ਵੀ ਹਾਜ਼ਰ ਸਨ।


ਇਸ ਮੌਕੇ ਦਿੱਲੀ ਤੋਂ ਮਾਤਾ ਗਗਨਮੀਤ ਕੌਰ ਜੀ ਅਤੇ ਮਹੰਤ ਸ਼੍ਰੀ ਗਰੀਬ ਦਾਸ ਜੀ ਵਿਸ਼ੇਸ਼ ਤੌਰ 'ਤੇ ਆਸ਼ੀਰਵਾਦ ਦੇਣ ਲਈ ਪਹੁੰਚੇ|

ਫਿਲਮ ਦੀ ਨਿਰਮਾਤਾ ਦਿਵਿਆ ਵਤਸ, ਸਹਿ ਨਿਰਮਾਤਾ ਚਰਨਜੀਤ ਕੌਰ ਹਨ ਅਤੇ ਇਸ ਫਿਲਮ ਵਿੱਚ ਪ੍ਰਸਿੱਧ ਕਲਾਕਾਰ ਅੰਮ੍ਰਿਤ ਪਾਲ ਸਿੰਘ, ਇਕਬਾਲ ਸਿੰਘ ਭੱਟੀ, ਗੁਰਪ੍ਰੀਤ ਗੋਰਾ, ਆਰਤੀ ਜੈਨ, ਅਮਨਪ੍ਰੀਤ ਕੌਰ, ਜਤਿੰਦਰ ਪਟੇਲ ਕਮਲ ਕੋਟਕਪੂਰਾ ਕੰਮ ਕਰ ਰਹੇ ਨੇ। ਇਸ ਫ਼ਿਲਮ ਦੇ ਲੇਖਕ ਹਨ ਇਕਬਾਲ ਸਿੰਘ ਸ਼ੀਤਲ ਅਤੇ ਕਮਲ ਕੋਟਕਪੂਰਾ ਅਤੇ ਕੈਮਰਾਮੈਨ ਓ.ਪੀ.ਬੰਤੂ, ਡਾਇਰੈਕਟਰ ਲਿਆਕਤ ਅਲੀ ਖਾਨ ਅਤੇ ਡਾ: ਹਰਪਾਲ ਸਿੰਘ ਢਿਲਵਾਂ ਅਤੇ ਬਲਜੀਤ ਸਿੰਘ ਖੀਵਾ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਕਦੇ ਜ਼ੁਬਾਨ ਦੇ ਕਮਾਨ ਵਿਚੋਂ ਨਿਕਲੇ ਸ਼ਬਦ, ਕਦੇ ਚੰਗੇ ਸ਼ਬਦ ਬਣ ਜਾਂਦੇ ਹਨ

## ਭਾਸ਼ਾ ਦੀ ਮਹੱਤਤਾ ਅਤੇ ਸ਼ਬਦਾਂ ਦੇ ਪ੍ਰਭਾਵ

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ



ਇੱਕ ਮਨੁੱਖੀ ਬੱਚਾ ਦੋ ਸਾਲ ਦੀ ਉਮਰ ਵਿੱਚ ਬੋਲਣਾ ਸ਼ੁਰੂ ਕਰ ਦਿੰਦਾ ਹੈ, ਪਰ ਇਹ ਸਮਝਣ ਵਿੱਚ ਸਾਰੀ ਉਮਰ ਲੱਗ ਜਾਂਦੀ ਹੈ ਕਿ ਕਿਹੜੇ ਸਮੇਂ ਵਿੱਚ ਕਿਹੜੇ ਸ਼ਬਦ ਬੋਲਣੇ ਹਨ, ਇਸ ਲਈ ਬੋਲਣ ਵੇਲੇ ਚੁੱਪ ਰਹਿਣਾ ਅਤੇ ਬੋਲਣ ਵੇਲੇ ਚੁੱਪ ਰਹਿਣਾ ਦੋ ਭਾਸ਼ਾਵਾਂ ਦੇ ਨੁਕਸ ਦੱਸੇ ਗਏ ਹਨ, ਕੀ, ਕਦੋਂ, ਕਿੱਥੇ ਅਤੇ ਜੇ ਇਹ ਨਿਮਰ ਹੈ, ਤਾਂ ਹਰ ਵਿਅਕਤੀ ਦੀ ਸ਼ਖਸੀਅਤ ਕਾਗਜ਼ ਦੇ ਟੁਕੜਿਆਂ ਦੇ ਹੇਠਾਂ ਲੁਕੀ ਹੋਈ ਹੈ. ਭਾਸ਼ਾ ਦਿਲ ਅਤੇ ਦਿਮਾਗ ਦੀ ਵਿਆਖਿਆ ਕਰਨ ਵਾਲੀ ਹੁੰਦੀ ਹੈ ਅਤੇ ਦਿਲ ਅਤੇ ਦਿਮਾਗ ਦੀ ਵਿਆਖਿਆ ਕਰਨ ਵਾਲੀ ਇਹ ਚੋਣ ਹੀ ਵਿਅਕਤੀ ਨੂੰ ਸਮਾਜ ਵਿੱਚ ਇੱਕ ਵਿਲੱਖਣ ਸਥਾਨ ਬਣਾ ਦਿੰਦੀ ਹੈ, ਜੋ ਕਿ ਆਪਣੀ ਸੋਚ ਦੇ ਕਾਰਨ ਲੋਕਾਂ ਦੇ ਮਨਾਂ ਅਤੇ ਭਾਸ਼ਾਵਾਂ ਵਿੱਚ ਬਣੀ ਰਹਿੰਦੀ ਹੈ ਅਤੇ ਲਚਕੀਲਾ ਭਾਸ਼ਣ ਜਿੱਥੇ ਅਣਗਿਣਤ ਪਿਆਰ ਕਮਾਉਣ ਵਿੱਚ ਭਾਸ਼ਾ ਦੀ ਚੰਗੀ ਵਰਤੋਂ ਕਰਨ ਵਿੱਚ ਅੱਗੇ ਹੈ, ਉੱਥੇ ਮਾੜੀ ਵਰਤੋਂ ਇਸ ਦੇ ਨਿਸ਼ਾਨਾਂ ਨੂੰ ਮਿਟਣ ਨਹੀਂ ਦਿੰਦੀ, ਇਸ ਲਈ ਇਹ ਗੁਨਾਹ ਨਹੀਂ ਹੈ. ਚੰਗੀ ਬੋਲੀ, ਪਰ ਮਾੜੀ ਬੋਲੀ ਕਿਸੇ ਦੇ ਦਿਲ ਨੂੰ ਠੇਸ ਪਹੁੰਚਾ ਸਕਦੀ ਹੈ ਅਤੇ ਮਨ ਨੂੰ ਠੇਸ ਪਹੁੰਚਾਉਣਾ ਧਰਤੀ ਦੇ ਸਾਰੇ ਜਾਨਵਰਾਂ ਨੂੰ ਪਿੱਛੇ ਛੱਡਣਾ ਹੈ। ਦੁਖਦਾਈ ਸ਼ਬਦਾਂ ਦੇ ਸਾਮ੍ਹਣੇ ਚੁੱਪ ਦੀ ਕੰਧ ਬਣਾਉਣਾ ਚੰਗਾ ਖੂਨ ਅਤੇ ਸਿਖਲਾਈ ਦਰਸਾਉਂਦਾ ਹੈ. ਇਸੇ ਲਈ ਚੁੱਪ ਨੂੰ ਆਵਾਜ਼ਾਂ ਦਾ ਮਾਲਕ ਕਿਹਾ ਗਿਆ ਹੈ, ਜੋ ਅਗਿਆਨਤਾ ਦੇ ਨੁਕਸ ਨੂੰ ਛੁਪਾਉਂਦੀ ਹੈ, ਮਾੜੇ ਸ਼ਬਦਾਂ ਦੀ ਕੋਈ ਸਥਿਤੀ ਨਹੀਂ ਹੈ, ਜਦੋਂ ਕਿ ਸਬਰ ਕਰਨ ਵਾਲੇ ਨੂੰ ਹੀ ਸਥਾਨ ਮਿਲਦਾ ਹੈ। ਪਿਆਰਾ ਉਹ ਹੈ ਜਿਸ ਦੀ ਜ਼ੁਬਾਨ ਸੁਣਨ ਵਾਲੇ ਕੰਨਾਂ ਨੂੰ ਭੁੱਖੇ ਬਣਾ ਦਿੰਦੀ ਹੈ ਅਤੇ ਜ਼ਖਮੀ ਰੂਹ ਨੂੰ ਇਹ ਮਹਿਸੂਸ ਕਰਾਉਂਦੀ ਹੈ ਕਿ ਇਸ ਨੂੰ ਚੰਗਾ ਕਰਨ ਵਾਲਾ ਮਲ੍ਹਮ ਲੱਗ ਰਿਹਾ ਹੈ ਪਰ ਮੇਰੇ ਲਈ ਇਹ ਕਿਰਿਆ ਕਮਜ਼ੋਰਾਂ ਦੀ ਨਹੀਂ ਹੁੰਦੀ ਹੈ ਜ਼ਖਮਾਂ 'ਤੇ ਸੈਕੜੇ ਰੰਗਾਂ ਦੀਆਂ ਪਰਤਾਂ ਲਾਈਆਂ ਜਾਂਦੀਆਂ ਹਨ, ਪਰ ਉਸ ਦੀ ਚੁੱਪ ਹੀ ਖੂਬਸੂਰਤ ਹੋਣੀ ਚਾਹੀਦੀ ਹੈ, ਜੋ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ 'ਤੇ ਜ਼ਿਆਦਾ ਧਿਆਨ ਦਿੰਦੇ ਹਨ ਉਨ੍ਹਾਂ ਦੇ ਸਰੀਰਾਂ ਨਾਲੋਂ ਸ਼ੁੱਧ ਭਾਸ਼ਾਵਾਂ ਦੀ ਗੱਲਬਾਤ ਵੀ ਪੂਜਾ ਸਮਝੀ ਜਾਂਦੀ ਹੈ ਅਤੇ ਉਨ੍ਹਾਂ ਵਿਚ ਹਾਸੇ ਅਤੇ ਅਰਥਹੀਣ ਸ਼ਬਦਾਂ ਦੇ ਜਵਾਬ ਵਿਚ ਜ਼ੁਬਾਨ ਨਹੀਂ ਖੋਲ੍ਹੀ ਜਾਂਦੀ। ਭਾਸ਼ਾ ਦੀ ਹੋਂਦ ਵੀ ਇਸਦੀ ਜਾਣ-ਪਛਾਣ ਲਈ ਬਹੁਤ ਭਰੋਸੇਮੰਦ ਸੁਰਾਗ ਦਿੰਦੀ ਹੈ, ਜਿਸ ਵਿੱਚ ਕੋਈ ਮਨ ਨਹੀਂ ਹੁੰਦਾ, ਪਰ ਇਹ ਮੂੰਹ ਦੇ ਹਨੇਰੇ ਵਿੱਚ ਭੋਜਨ ਨੂੰ ਦੰਦਾਂ ਹੇਠ ਲਿਆਉਂਦੀ ਹੈ, ਜਿਸ ਤਰ੍ਹਾਂ ਜੀਭ ਨੂੰ ਸੁਆਦ ਦੀ ਭਾਵਨਾ ਹੁੰਦੀ ਹੈ। ਜ਼ੁਬਾਨ ਦੁਆਰਾ ਬੋਲੇ ਗਏ ਸ਼ਬਦ ਵੀ ਸੁਣਨ ਵਾਲੇ ਦੇ ਦਿਲ ਅਤੇ ਦਿਮਾਗ ਵਿੱਚ ਆਪਣੇ ਸੁਆਦ ਦਾ ਪ੍ਰਭਾਵ ਛੱਡ ਜਾਂਦੇ ਹਨ ਪਰ ਲੋਕ ਕਹਿੰਦੇ ਹਨ ਕਿ ਤੁਹਾਡੇ ਨਾਲ ਗੱਲ ਕਰਨਾ ਬਹੁਤ ਮਜ਼ੇਦਾਰ ਹੈ ਕਿਉਂਕਿ ਹਰ ਸੁਣਨ ਵਿੱਚ ਮਿੱਠੇ ਬੋਲਾਂ ਦੀ ਸੁਧਾਈ ਹੁੰਦੀ ਹੈ ਜਿਸਦਾ ਨਤੀਜਾ ਹੁੰਦਾ ਹੈ ਮਿੱਠੇ ਬੋਲਾਂ ਦਾ ਪਿਆਰ। ਕੌੜੀ ਗੱਲ ਤੋਂ ਨਫ਼ਰਤ ਜੇ ਕੋਈ ਦੇਸ਼ ਭਗਤ ਜਾਸੂਸ ਕਿਸੇ ਦੁਸ਼ਮਣ ਦੇਸ਼ ਵਿੱਚ ਫੜਿਆ ਜਾਂਦਾ ਹੈ ਤਾਂ ਉਹ ਆਪਣੀ ਜ਼ੁਬਾਨ ਨੂੰ ਦਰਦ ਨਾਲ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ, ਉਹ ਆਪਣੀ ਜਾਨ ਦੇ ਦਿੰਦਾ ਹੈ ਪਰ ਆਪਣੀ ਜ਼ੁਬਾਨ ਨਹੀਂ ਖੋਲ੍ਹਦਾ ਕਿਉਂਕਿ ਉਸਨੂੰ ਪਤਾ ਹੁੰਦਾ ਹੈ ਕਿ ਬੋਲਣ ਨਾਲ ਉਸਦੇ ਵਤਨ ਦਾ ਨੁਕਸਾਨ ਹੋਵੇਗਾ।

ਇਸ ਸੰਦਰਭ ਵਿੱਚ ਵਿਚਾਰ ਕਰੋ ਕਿ ਪ੍ਰਮਾਤਮਾ ਨੇ ਸਾਡੀ ਆਤਮਾ ਨੂੰ ਸੰਸਾਰ ਵਿੱਚ ਪਹਿਰਾਵਾ ਦੇ ਕੇ ਆਤਮਾਵਾਂ ਦੇ ਸੰਸਾਰ ਤੋਂ ਜੋ ਕੁਝ ਉਤਾਰਿਆ ਹੈ, ਇਹ ਉਸ ਇਲਾਹੀ ਉਦੇਸ਼ ਦਾ ਪ੍ਰਤੀਬਿੰਬ ਹੈ ਜਿਸ ਵਿੱਚ ਮਨੁੱਖ ਨੇ ਪਰਮਾਤਮਾ ਅਤੇ ਪਰਮਾਤਮਾ ਦੇ ਸੇਵਕਾਂ ਦੀ ਵਿਆਖਿਆ ਕਰਨੀ ਹੈ ਜਿਸ ਵਿੱਚ ਸੰਤੁਸ਼ਟੀ ਅਤੇ ਖੁਸ਼ੀ ਦਾ ਨਤੀਜਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਇਸ ਵਿਚ ਅੱਲ੍ਹਾ ਦੇ ਅਧਿਕਾਰ ਅਤੇ ਸੇਵਕਾਂ ਦੇ ਅਧਿਕਾਰ ਛੁਪੇ ਹੋਏ ਹਨ, ਜੇ ਪਰਮਾਤਮਾ ਨੇ ਮਨੁੱਖ ਦਾ ਦਿਲ ਆਪਣੇ ਨਿਵਾਸ ਲਈ ਬਣਾਇਆ ਹੈ, ਤਾਂ ਮਨੁੱਖ ਦੀ ਜ਼ੁਬਾਨ ਹੋਰ ਮਨੁੱਖਾਂ ਵਿਚ ਵੱਸ ਨਹੀਂ ਸਕਦੀ ਰੱਬ ਦਾ ਘਰ, ਜਿਸ ਵਿੱਚ ਨਫ਼ਰਤ, ਈਰਖਾ, ਹੰਕਾਰ, ਜ਼ਹਿਰ ਦੀ ਤਰ੍ਹਾਂ ਅਤੇ ਰੱਬ ਉਸ ਦਾ ਨਾਮ ਸੁਣਨਾ ਪਸੰਦ ਨਹੀਂ ਕਰਦਾ ਜੋ ਦੂਜਿਆਂ ਨੂੰ ਕੋਈ ਨੁਕਸਾਨ ਪਹੁੰਚਾਉਂਦਾ ਹੈ ਅਤੇ ਇੱਕ ਹੋਰ ਵਿਸ਼ਵਾਸੀ ਲੋਕਾਂ ਲਈ ਸੁਰੱਖਿਅਤ ਹੈ ਅਤੇ ਜੋ ਲੋਕ ਜੀਭ ਨੂੰ ਮਾਸ ਦਾ ਇੱਕ ਟੁਕੜਾ ਸਮਝਦੇ ਹਨ, ਉਹ ਸ਼ਬਦ ਦੀ ਜ਼ਿੰਮੇਵਾਰੀ ਤੋਂ ਅਣਜਾਣ ਰਹਿੰਦੇ ਹਨ। ਮੂੰਹ ਵਿੱਚ ਮਾਸ ਉਹਨਾਂ ਦੇ ਬੋਲੇ ਜਾਣ ਵਾਲੇ ਸ਼ਬਦਾਂ ਦੀ ਰਾਖੀ ਕਰਨ ਲਈ ਉਹਨਾਂ ਭਾਸ਼ਾਵਾਂ ਨੂੰ ਜ਼ਬਤ ਕਰਨ ਦੀ ਸ਼ਕਤੀ ਅਤੇ ਅਧਿਕਾਰ ਦਿਓ ਜੋ ਉਹਨਾਂ ਦੀ ਪਵਿੱਤਰਤਾ ਦੀ ਉਲੰਘਣਾ ਕਰਦੀਆਂ ਹਨ, ਤਾਂ ਹੀ ਉਹਨਾਂ ਭਾਸ਼ਾਵਾਂ ਨੂੰ ਬੋਲਿਆ ਜਾਵੇਗਾ ਜਿਹਨਾਂ ਨੂੰ ਬੋਲਣ ਦਾ ਅਧਿਕਾਰ ਹੈ ਅਤੇ ਬਾਕੀ। ਜ਼ੁਬਾਨ ਦੇ ਜ਼ਖ਼ਮਾਂ ਨੂੰ ਜ਼ੁਬਾਨ 'ਤੇ ਮਲ੍ਹਮ ਲਾਉਣ ਲਈ ਮਜ਼ਬੂਰ ਹੋ ਜਾਵੇਗਾ, ਜੇ ਤੁਸੀਂ ਜ਼ੁਬਾਨ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾ ਕੇ ਬੋਲ ਰਹੇ ਹੋ ਤਾਂ ਸਮਝੋ ਕਿ ਜ਼ੁਬਾਨ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲਈ ਰੱਬ ਕਿੰਨਾ ਬੇਪਰਵਾਹ ਹੈ ਕੀ ਉਹ ਮੇਰੇ ਵਰਗੇ ਬੇਸਮਝ ਲੋਕਾਂ 'ਤੇ ਹੋ ਗਿਆ ਹੈ ਕਿ ਉਹ ਝੂਠ ਬੋਲਣ, ਗਾਲਾਂ ਕੱਢਣ, ਗਾਲ੍ਹਾਂ ਕੱਢਣ ਵਰਗੀਆਂ ਮਾੜੀਆਂ ਭਾਸ਼ਾਵਾਂ ਦੀ ਵਰਤੋਂ ਕਰਨ ਦੇ ਬਾਵਜੂਦ ਵੀ ਬੋਲਣਾ ਬੰਦ ਨਹੀਂ ਕਰਦਾ, ਨਹੀਂ ਤਾਂ ਮੇਰੇ ਵਿੱਚ ਉਹ ਹੈ ਜੋ ਰੱਬ ਦੀ ਆਗਿਆ ਤੋਂ ਬਿਨਾਂ ਵੀ ਮੇਰੇ ਨਾਲ ਖੜ੍ਹਾ ਹੁੰਦਾ, ਫਿਰ ਵੀ ਮੈਂ ਅਜਿਹਾ ਕਰਦਾ ਹਾਂ ਮੈਂ ਇਹ ਸੋਚ ਕੇ ਕੰਬ ਜਾਂਦਾ ਹਾਂ ਕਿ ਜੇ ਪ੍ਰਮਾਤਮਾ ਨੇ ਮੇਰੇ ਸਾਰੇ ਦੈਵੀ ਅਤੇ ਮਨੁੱਖੀ ਨਾਰਾਜ਼ਗੀ ਦੇ ਸ਼ਬਦਾਂ ਨੂੰ ਮੇਰੀ ਜ਼ੁਬਾਨ ਲਈ ਸਜ਼ਾ ਦੇ ਦਿੱਤੀ ਹੈ, ਤਾਂ ਮੇਰੇ ਕੋਲ ਉਸ ਲਈ ਇੱਕ ਛਾਲੇ ਵਾਲੀ ਲਾਈਨ ਬਣਾਉਣ ਲਈ ਕੋਈ ਵੱਡੀ ਜ਼ਬਾਨ ਨਹੀਂ ਹੈ ਨਾਮ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਇਸਦਾ ਇਨਾਮ ਸਾਡੇ ਹੱਕ ਵਿੱਚ ਹੁੰਦਾ ਹੈ, ਇਸ ਲਈ ਕਿਸੇ ਲਈ ਬੋਲੇ ਗਏ ਦਰਦਨਾਕ ਸ਼ਬਦਾਂ ਦਾ ਇੰਤਜ਼ਾਰ ਨਹੀਂ ਹੁੰਦਾ ਕਿਉਂਕਿ ਪਿਆਰ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਹਰ ਭਾਸ਼ਾ ਪਿਆਰ ਲਈ ਹੁੰਦੀ ਹੈ, ਜੇ ਤੁਹਾਡੇ ਨਾਲ ਗੱਲ ਕਰਨ ਵਾਲਿਆਂ ਦੇ ਦਿਲ ਅਤੇ ਦਿਮਾਗ ਖੁਸ਼ੀ ਨਾਲ ਭਰ ਜਾਂਦੇ ਹਨ, ਤਾਂ ਰੱਬ ਤੁਹਾਨੂੰ ਖੁਸ਼ਹਾਲ ਸ਼ਬਦਾਂ ਦਾ ਲੰਗਰ ਘਰ ਤੋਂ ਮਿੱਠੇ ਬੁੱਲਾਂ ਦੇ ਪਿਆਲੇ ਤੱਕ ਵੰਡਦਾ ਹੈ. ਅਤੇ ਟੋਨ, ਹਜ਼ੂਰ ਸਜਦਾ ਹੈ, ਕਿੰਨੇ ਲੋਕਾਂ ਦੀ ਅਜਿਹੀ ਜ਼ੁਬਾਨ ਹੈ ਕਿ ਜਦੋਂ ਉਹ ਕਿਸੇ ਤੋਂ ਆਪਣੀ ਸਮੱਸਿਆ ਪੁੱਛਦੇ ਹਨ ਤਾਂ ਉਨ੍ਹਾਂ ਦੀ ਲੋੜ ਦਾ ਭਾਂਡਾ ਖਾਲੀ ਹੋ ਜਾਂਦਾ ਹੈ ਅਤੇ ਕੁਝ ਬੋਲੀਆਂ ਵੀ ਹਨ ਜੋ ਧਨ ਦੀ ਬਜਾਏ ਖੂਨ ਦਾਨ ਕਰਨ ਦੀ ਮੰਗ ਕਰਦੇ ਹਨ। ਹੋਰ ਅਤੇ ਬੈਗ ਘੱਟ ਜਾਓ ਭਾਸ਼ਾ ਉਹ ਹੁੰਦੀ ਹੈ ਜਿਸ ਦੇ ਸ਼ਬਦ ਸਵਰਗੀ ਰਾਜ ਦੇ ਪ੍ਰਭਾਵ ਨਾਲ ਭਰੇ ਹੁੰਦੇ ਹਨ, ਜੇ ਮੈਂ ਇਸ ਲਿਖਤ ਦੇ ਸ਼ਬਦਾਂ ਤੋਂ ਪ੍ਰਭਾਵਤ ਭਾਸ਼ਾ ਦੀ ਪ੍ਰਾਪਤੀ ਲਈ ਸਲਾਹ ਮੰਗਦਾ ਹਾਂ ਤਾਂ ਮੈਨੂੰ ਪਹਿਲਾਂ ਜੀਵਨ ਲਈ ਵਰਤ ਰੱਖ ਕੇ ਸ਼ਬਦਾਂ ਦੀ ਚੋਣ ਕਰਨੀ ਚਾਹੀਦੀ ਹੈ। ਮਾੜੇ ਅਰਥਾਂ ਵਾਲੇ ਸ਼ਬਦਾਂ ਨੂੰ ਲਾਗੂ ਕੀਤਾ ਜਾਵੇਗਾ। ਆਪਣੀ ਭਾਸ਼ਾ ਦੇ ਸਾਰੇ ਨੁਕਸ, ਝੂਠ, ਗਾਲਾਂ, ਇਲਜ਼ਾਮ ਤੋਂ ਸ਼ੁੱਧ ਕਰੋ, ਉਹ ਜਵਾਬ ਦੇਵੇਗਾ, ਪਰ ਜਵਾਬ ਸੁਣਨ ਲਈ, ਕੰਨਾਂ ਨੂੰ ਜ਼ੁਬਾਨ ਜਿੰਨੀ ਮਿਹਨਤ ਕਰਨੀ ਪਵੇਗੀ।

## ਤਕਦੀਰ



ਜ਼ੋਰ ਨਾ ਚੱਲਦਾ ਕੋਈ।

ਦੋਸ਼ ਕਿਸੇ ਨੂੰ ਦੇ ਨਹੀਂ ਸਕਦੇ,

ਦੋਸ਼ ਸਾਡੇ ਕਰਮਾਂ ਦਾ।

ਜੋ ਕੀਤਾ ਹੈ ਓਹੀ ਮਿਲਦਾ,

ਜਾਂ ਪਿਛਲੇ ਜਨਮਾਂ ਦਾ।

ਜੇ ਤਕਦੀਰ ਨੂੰ ਬਦਲਣਾ ਚਾਹੋ,

ਕਰੀਏ ਕੰਮ ਚੰਗੇਰੇ।

ਹੋਣਗੀਆਂ ਫਿਰ ਸੁਖ ਦੀਆਂ ਸ਼ਾਮਾਂ,

ਸਹਿਜ ਤੇ ਸੁਖ਼ਨ ਸਵੇਰੇ।

ਪਤਾ ਨਹੀਂ ਉਸ ਮਾਲਕ ਨੇ

ਕੀ ਲਿਖਿਆ ਵਿੱਚ ਤਕਦੀਰਾਂ।

ਭਾਂਡੇ ਮਾਂਜਦੇ ਘਸ ਗਈਆਂ ਨੇ,

ਹੱਥਾਂ ਦੀਆਂ ਲਕੀਰਾਂ।

ਲਿਖਿਆ ਵਿੱਚ ਤਕਦੀਰ ਕਿਸੇ ਦੀ,

ਰਾਜਾ-ਰਾਣੀ ਬਣਨਾ।

ਕਿਸੇ ਦੇ ਭਾਗਾਂ ਵਿੱਚ ਲਿਖਿਆ ਹੈ,

ਕੰਮ ਲੋਕਾਂ ਦੇ ਕਰਨਾ।


ਸਿਰਜਣਹਾਰੇ ਦੇ ਹੱਥ-ਵੱਸ ਹੈ,

ਜੋ ਕਰਦਾ ਹੈ ਓਹੀ।

ਉਹਦੇ ਤਾਈਂ ਕਹਿ ਨਾ ਸਕਦੇ,

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

# ਡਾ.ਗੁਰਦੇਵ ਸਿੰਘ ਸਿੱਧੂ ਦੀ ਸੰਪਾਦਿਤ ਪੁਸਤਕ ਗਿਆਨੀ ਗੁਰਦਿੱਤ ਸਿੰਘ 'ਦਲੇਰ' ਸੁਤੰਤਰਤਾ ਸੰਗਰਾਮੀ ਦੀ ਕਹਾਣੀ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ


ਡਾ.ਗੁਰਦੇਵ ਸਿੰਘ ਸਿੱਧੂ ਅਣਗੌਲੇ ਆਜ਼ਾਦੀ ਘੁਲਾਟੀਆਂ ਦੀਆਂ ਜੀਵਨੀਆਂ ਲਿਖਣ ਦੇ ਮਾਹਿਰ ਵਿਦਵਾਨ ਤੇ ਇਤਿਹਾਸਕਾਰ ਗਿਣੇ ਜਾਂਦੇ ਹਨ। ਜਾਣੇ ਪਛਾਣੇ ਅਤੇ ਸਮਾਜ ਵਿੱਚ ਚਰਚਿਤ ਆਜ਼ਾਦੀ ਘੁਲਾਟੀਆਂ ਬਾਰੇ ਤਾਂ ਹਰ ਕੋਈ ਵਿਦਵਾਨ ਲਿਖਣ ਦਾ ਮਾਣ ਮਹਿਸੂਸ ਕਰਦਾ ਹੈ ਕਿਉਂਕਿ ਉਨ੍ਹਾਂ ਬਾਰੇ ਮੈਟਰ ਸੌਖਾ ਮਿਲ ਜਾਂਦਾ ਹੈ ਪ੍ਰੰਤੂ ਅਣਗੌਲੇ ਆਜ਼ਾਦੀ ਘੁਲਾਟੀਆਂ ਬਾਰੇ ਖੋਜ ਕਰਨ ਦਾ ਕੋਈ ਕਸ਼ਟ ਨਹੀਂ ਕਰਨਾ ਚਾਹੁੰਦਾ। ਅਣਗੌਲੇ ਆਜ਼ਾਦੀ ਘੁਲਾਟੀਆਂ ਦੀ ਖੋਜ ਕਰਕੇ ਉਨ੍ਹਾਂ ਬਾਰੇ ਲਿਖਣ ਦਾ ਸਿਹਰਾ ਡਾ.ਗੁਰਦੇਵ ਸਿੰਘ ਸਿੱਧੂ ਨੂੰ ਹੀ ਜਾਂਦਾ ਹੈ। ਉਸੇ ਲੜੀ ਵਿੱਚ ਉਨ੍ਹਾਂ ' ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਗੁਰਦਿੱਤ ਸਿੰਘ ਦਲੇਰ' ਦੀ ਜੀਵਨੀ ਸੰਪਾਦਿੱਤ ਕੀਤੀ ਹੈ। ਜਦੋਂ ਗਿਆਨੀ ਗੁਰਦਿੱਤ ਸਿੰਘ 'ਦਲੇਰ' ਦੇ ਪੋਤਰੇ ਨਾਜ਼ਰ ਸਿੰਘ ਤੇ ਬਚਿਤਰ ਸਿੰਘ ਡਾ.ਗੁਰਦੇਵ ਸਿੰਘ ਸਿੱਧੂ ਕੋਲ ਗਿਆਨੀ ਜੀ ਦੀ ਜੀਵਨੀ ਲਿਖਣ ਬਾਰੇ ਬੇਨਤੀ ਕਰਨ ਆਏ ਤਾਂ ਡਾ ਗੁਰਦੇਵ ਸਿੰਘ ਸਿੱਧੂ ਨੂੰ ਉਨ੍ਹਾਂ ਦੀ ਗੱਲਾਂ ਸੁਣਨ ਤੋਂ ਬਾਅਦ ਸੰਤੁਸ਼ਟੀ ਨਾ ਹੋਈ। ਫਿਰ ਉਨ੍ਹਾਂ ਨੇ ਪੰਜਾਬ ਸਟੇਟ ਪੁਰਾਤਤਵ ਵਿਭਾਗ ਵਿੱਚ ਜਾ ਕੇ ਬੱਬਰ ਅਕਾਲੀਆਂ ਦਾ ਰਿਕਾਰਡ ਖੰਗਾਲਿਆ ਅਤੇ ਲੋੜੀਂਦੀ ਜਾਣਕਾਰੀ ਇਕੱਤਰ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸ੍ਰ.ਦਵਿੰਦਰਪਾਲ ਸਿੰਘ ਸੰਸਥਾਪਕ, ਪੰਜਾਬ ਡਿਜਿਟਲ ਲਾਇਬ੍ਰੇਰੀ ਚੰਡੀਗੜ੍ਹ ਦੇ ਰਿਕਾਰਡ ਤੋਂ ਵੀ ਤੱਥ ਪਮਾਪਤ ਕੀਤੇ। ਡਾ.ਗੁਰਦੇਵ ਸਿੰਘ ਨੇ ਖੋਜ ਕਰਕੇ ਤੱਥਾਂ ਦੀ ਸਾਰਥਿਕਤਾ ਜਾਨਣ ਤੋਂ ਬਾਅਦ ਹੀ ਪੁਸਤਕ ਸੰਪਾਦਤ ਕਰਨ ਦਾ ਫ਼ੈਸਲਾ ਕੀਤਾ। ਪੁਰਾਤਤਵ ਵਿਭਾਗ ਦੇ ਰਿਕਾਰਡ ਨੂੰ ਸੰਪਾਦਕ ਨੇ ਅੰਤਿਕਾ ਵਿੱਚ ਹੂਬਹੂ ਦਿੱਤਾ ਹੈ ਤਾਂ ਜੋ ਪਾਠਕਾਂ ਅਤੇ ਖੋਜਾਰਥੀਆਂ ਦੇ ਕੰਮ ਆ ਸਕੇ। ਇਤਿਹਾਸ ਦੀ ਸਾਰਥਿਕਤਾ ਲਈ ਸਬੂਤਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਹ ਖ਼ੂਬੀ ਡਾ.ਗੁਰਦੇਵ ਸਿੰਘ ਸਿੱਧੂ ਵਿੱਚ ਹੈ। ਇਸ ਪੁਸਤਕ ਨੂੰ ਉਸ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਜੀਵਨ ਕਹਾਣੀ ਗਿਆਨੀ ਗੁਰਦਿੱਤ ਸਿੰਘ 'ਦਲੇਰ', ਦੂਜੇ ਭਾਗ ਵਿੱਚ ਆਪਣੇ ਪਰਿਵਾਰ ਨੂੰ ਲਿਖੇ ਗਏ ਖਤ ਅਤੇ ਤੀਜੇ ਭਾਗ ਵਿੱਚ ਅੰਤਿਕਾ ਹੈ। ਗਿਆਨੀ ਗੁਰਦਿੱਤ ਸਿੰਘ ਦਲੇਰ ਦਾ ਜਨਮ ਪਿੰਡ ਮੰਢਾਲੀ ਵਿੱਚ 2 ਜੁਲਾਈ 1903 ਨੂੰ ਮਾਤਾ ਰਲੀ ਅਤੇ ਪਿਤਾ ਮੰਗਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਇਹ ਪਿੰਡ ਉਦੋਂ ਜਲੰਧਰ ਜ਼ਿਲੇ ਤੇ ਹੁਣ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਸਥਿਤ ਹੈ। ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਤੱਕ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਫਿਰ 1918 ਵਿੱਚ ਫ਼ੌਜ ਵਿੱਚ ਭਰਤੀ ਹੋ ਗਿਆ। ਫ਼ੌਜ ਵਿੱਚ ਨੌਕਰੀ ਸਮੇਂ ਵੀ ਉਹ ਫ਼ੌਜੀਆਂ ਦੀਆਂ ਸਹੂਲਤਾਂ ਲਈ ਜਦੋਜਹਿਦ ਕਰਦਾ ਰਿਹਾ। ਫ਼ੌਜ ਦੇ ਗੁਰਦੁਆਰਾ ਸਾਹਿਬ ਵਿੱਚ ਸਿੱਖ ਪਰੰਪਰਾਵਾਂ ਅਤੇ ਰਹਿਤ ਮਰਿਆਦਾ ਲਈ ਉਦਮ ਕਰਦਾ ਰਿਹਾ। ਫ਼ੌਜ ਵਿੱਚ ਨੌਕਰੀ ਕਰਦੇ ਨੂੰ ਹੀ ਉਸ ਨੂੰ ਦੇਸ਼ ਭਗਤੀ ਦਾ ਜਨੂਨ ਪੈਦਾ ਹੋ ਗਿਆ। 1922 ਵਿੱਚ ਫ਼ੌਜ ਵਿੱਚੋਂ ਫਾਰਗ ਹੋ ਕੇ ਅਕਾਲੀ ਲਹਿਰ ਵਿੱਚ ਸ਼ਾਮਲ ਹੋ ਗਿਆ। ਅਗਸਤ 1922 ਵਿੱਚ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਵਿੱਚ ਗ੍ਰਿਫ਼ਤਾਰ ਹੋ ਗਿਆ। 1924 ਵਿੱਚ ਜੈਤੋਂ ਤੇ ਭਾਈ ਫੇਰੂ ਮੋਰਚੇ ਵਿੱਚ ਹਿੱਸਾ ਲਿਆ। ਮੋਰਚਿਆਂ ਵਿੱਚ ਜਥੇ ਦੀ ਅਗਵਾਈ ਕਰਦੇ ਸਨ। ਉਹ ਸਿਰੜ੍ਹ ਅਤੇ ਸਿਦਕ ਦੇ ਮੁਜੱਸਮਾ ਸਨ। ਜਿਹੜਾ ਫ਼ੈਸਲਾ ਕਰ ਲੈਂਦੇ ਉਸ ਦੀ ਪ੍ਰਾਪਤੀ ਤੋਂ ਬਿਨਾ ਪਿੱਛੇ ਨਹੀਂ ਮੁੜਦੇ ਸਨ। 1932 ਵਿੱਚ ਗੁਰੂ ਰਾਮ ਦਾਸ ਗਿਆਨੀ ਕਾਲਜ ਅੰਮ੍ਰਿਤਸਰ ਤੋਂ ਗਿਆਨੀ ਪਾਸ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖਿਆ। 1933 ਵਿੱਚ ਜੰਡਿਆਲਾ ਪਿੰਡ ਵਿੱਚ ਬਗਾਬਤੀ ਭਾਸ਼ਣ ਦੇਣ ਕਰਕੇ ਕੈਦ ਦੀ ਸਜ਼ਾ ਹੋ ਗਈ। 18 ਜੂਨ 1936 ਨੂੰ ਇਕ ਪੁਲਿਸ ਮੁਖਬਰ ਅਨੂਪ ਸਿੰਘ ਤੇ ਉਸ ਦਾ ਪੁੱਤਰ ਮਲਕੀਤ ਸਿੰਘ, ਜਿਸਨੇ ਉਸ ਦੇ ਸਾਥੀਆਂ ਦੀ ਮੁਖਬਰੀ ਕੀਤੀ ਸੀ ਦਾ ਕਤਲ ਕਰ ਦਿੱਤਾ। 15 ਦਸੰਬਰ ਨੂੰ ਉਹ ਗ੍ਰਿਫ਼ਤਾਰ ਹੋ ਗਏ ਅਤੇ 19 ਮਈ 1939 ਮੁਲਤਾਨ ਜੇਲ੍ਹ ਵਿੱਚ ਫ਼ਾਂਸੀ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਦੀ ਸਜ਼ਾ ਹੋਈ ਸੀ। ਇੱਕ ਵਾਰ ਉਨ੍ਹਾਂ 'ਤੇ ਡਾਕੇ ਦਾ ਮੁਕੱਦਮਾ ਵੀ ਬਣਾਇਆ ਗਿਆ। ਗ੍ਰਿਫ਼ਤਾਰੀ ਸਮੇਂ ਉਨ੍ਹਾਂ ਤੇ ਅੰਨ੍ਹਾ ਤਸ਼ੱਦਦ ਹੁੰਦਾ ਰਿਹਾ ਪ੍ਰੰਤੂ ਉਹ ਕਦੀ ਵੀ ਟੱਸ ਤੋਂ ਮੱਸ ਨਹੀਂ ਹੋਏ। ਫ਼ੌਜ ਵਿੱਚ ਕਾਲੀ ਦਸਤਾਰ ਬੰਨ੍ਹਣ ਅਤੇ ਗਾਤਰਾ ਪਾਉਣ ਲਈ ਹੜਤਾਲ ਕੀਤੀ। ਦੇਸ਼ ਸੇਵਕ ਅਖ਼ਬਾਰ ਦੇ ਸੰਪਾਦਕ ਵੀ ਰਹੇ।

ਪੁਸਤਕ ਦੇ ਦੂਜੇ ਭਾਗ ਵਿੱਚ ਆਪਣੇ ਪਰਿਵਾਰ ਨੂੰ ਲਿਖੇ ਖਤ ਹਨ। ਇਨ੍ਹਾਂ ਖਤਾਂ ਵਿੱਚ ਦੇਸ਼ ਭਗਤੀ ਦੀ ਪ੍ਰਵਿਰਤੀ ਠਾਠਾਂ ਮਾਰਦੀ ਨਜ਼ਰ ਆ ਰਹੀ ਹੈ। ਅਣਆਈ ਮੌਤ ਮਰਨ ਨਾਲੋਂ ਉਹ ਦੇਸ਼ ਤੇ ਕੌਮ ਲਈ ਸ਼ਹੀਦ ਹੋਣ ਨੂੰ ਬਿਹਤਰ ਸਮਝਦਾ ਹੈ। ਉਹ ਲਿਖਦਾ ਹੈ ਕਿ ਸਰੀਰ ਤਾਂ ਨਾਸ਼ਵਾਨ ਹੈ, ਕਿਸੇ ਬਿਮਾਰੀ ਨਾਲ ਮੌਤ ਵੀ ਆ ਸਕਦੀ ਹੈ, ਉਸ ਮੌਤ ਦਾ ਕੋਈ ਅਰਥ ਨਹੀਂ। ਦੇਸ਼ ਲਈ ਕੁਰਬਾਨੀ ਦੇਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੋਵੇਗੀ। ਮੌਤ ਇਕ ਅਟਲ ਸਚਾਈ ਹੈ ਪ੍ਰੰਤੂ ਇਸ ਦਾ ਸਮਾ ਨਿਸਚਤ ਹੁੰਦਾ ਹੈ, ਕਿਸੇ ਨੂੰ ਜਲਦੀ ਅਤੇ ਕਿਸੇ ਨੂੰ ਦੇਰੀ ਨਾਲ ਆ ਜਾਂਦੀ ਹੈ। ਪ੍ਰਮਾਤਮਾ ਦਾ ਭਾਣਾ ਮੰਨਣਾ ਚਾਹੀਦਾ ਹੈ।ਇਨ੍ਹਾਂ ਤਾਂ ਤੋਂ ਪਤਾ ਲਗਦਾ ਹੈ ਕਿ ਉਸ ਵਿੱਚ ਦਲੇਰੀ, ਬਹਾਦਰੀ, ਦ੍ਰਿੜ੍ਹਤਾ ਅਤੇ ਕੁਰਬਾਨੀ ਦੀ ਭਾਵਨਾ ਸਿੱਖ ਧਰਮ ਦੀ ਵਿਚਾਰਧਾਰਾ ਕਾਰਨ ਪੈਦਾ ਹੋਈ ਸੀ। ਪਤਨੀ ਨੂੰ ਉਹ ਆਪਣੀ ਨੂੰਹ ਨਾਲ ਸੱਸ ਵਾਲਾ ਵਿਵਹਾਰ ਨਹੀਂ ਸਗੋਂ ਮਾਂ ਧੀ ਵਾਲਾ ਸੰਬੰਧ ਬਣਾਉਣ ਤੇ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ ਆਪਣੀ ਲੜਕੀ ਸਤਵੰਤ ਕੌਰ ਨੂੰ ਵੀ ਆਪਣੇ ਸਹੁਰੇ ਘਰ ਜਾ ਕੇ ਸੱਸ ਨਾਲ ਧੀ ਵਾਲਾ ਸਲੂਕ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗਿਆਨੀ ਗੁਰਦਿੱਤ ਸਿੰਘ ਦਲੇਰ ਆਪਣੀ ਪਤਨੀ ਨੂੰ ਇਕ ਵਿਗੜੇ ਬੇਟੇ ਨੂੰ ਸਿੱਧੇ ਰਸਤੇ ਪਾਉਣ ਲਈ ਤਾਕੀਦ ਕਰਦਾ ਲਿਖਦਾ ਹੈ ਕਿ ਉਸ ਨੂੰ ਸੁਧਰਨਦਾ ਮੌਕਾ ਦਿੱਤਾ ਜਾਵੇ ਅਤੇ ਦੂਜੇ ਸਪੁੱਤਰਾਂ ਦੀ ਪਾਲਣ ਪੋਸ਼ਣ ਸੁਚੱਜੇ ਢੰਗ ਨਾਲ ਕੀਤੀ ਜਾਵੇ। ਦੂਜਾ ਖਤ ਆਪਣੀ ਮਾਂ ਦੇ ਨਾਮ ਲਿਖਦਾ ਹੈ ਕਿ ਜ਼ਾਲਮ ਰਾਜ ਦੀਆਂ ਜੜ੍ਹਾਂ ਪੁੱਟਣ ਵਾਸਤੇ ਬੇਗੁਨਾਹਾਂ ਦਾ ਖ਼ੂਨ ਹੀ '' ਜੜ੍ਹਾਂ ਉੱਤੇ ਗਰਮ ਤੇਲ' ਦਾ ਕੰਮ ਕਰਦਾਹੁੰਦਾ ਹੈ ਸੋ ਅੱਜ ਆਪ ਦੀਉਲਾਦ ਦਾ ਹਿੱਸਾ ਇਸ ਵਿੱਚ ਸ਼ਾਮਿਲ ਹੁੰਦਾ ਹੈ। ਉਹ ਆਪਣੀ ਮਾਂ ਨੂੰ ਇਤਿਹਾਸ ਵਿੱਚੋਂ ਉਦਾਹਰਣਾ ਦੇ ਉਨ੍ਹਾਂ ਦੇ ਪੁੱਤਰਾਂ ਦੀਆਂ ਕੁਰਬਾਨੀਆਂ ਦੱਸ ਕੇ ਤਸੱਲੀ ਦਿਵਾਉਂਦਾ ਹੈ ਕਿ ਉਹ ਦੇਸ਼ ਕੌਮ ਲਈ ਚੰਗਾ ਕੰਮ ਕਰਨ ਜਾ ਰਿਹਾ ਹੈ। ਤੀਜਾ ਖਤ ਉਹ ਆਪਣੇ ਸਪੁੱਤਰ ਧੰਨਾ ਸਿੰਘ ਤੇ ਅਜ਼ੀਜ ਬੰਤਾ ਸਿੰਘ ਅਤੇ ਹੋਰ ਸਾਰਿਆਂ ਨੂੰ ਲਿਖਦਾ ਹੈ, ਜਿਸ ਵਿੱਚ ਉਸਨੂੰ ਆਪਣਾ ਅਤੇ ਆਪਣੇ ਭਰਾਵਾਂ ਦਾ ਧਿਆਨ ਰੱਖਣ ਦੀ ਪ੍ਰੇਰਨਾਦਿੰਦਾਹੋਇਆ ਆਪਣੀ ਮਾਂ ਦੇ ਕਹਿਣੇ ਵਿੱਚ ਰਹਿਣ ਅਤੇ ਵੱ◌ੀ ਸਲਾਹ ਲਈ ਆਪਣੇ ਤਾਇਆਂ ਤੋਂ ਅਗਵਾਈ ਲੈਣ ਦੀ ਸਲਾਹ ਦਿੰਦਾ ਹੈ। ਛੋਟੇ ਭਰਾਵਾਂ ਅਤੇ ਭੈਣ ਨੂੰ ਪੜ੍ਹਾਉਣ ਤੇ ਵੀ ਜ਼ੋਰ ਦਿੰਦਾ ਹੋਇਆ ਕਾਬਲ ਸਿੰਘ ਦੀ ਮੂਰਖਤਾਈ ਦਾ ਬਦਲਾ ਲੈਣ ਤੋਂ ਪ੍ਰਹੇਜ ਕਰਨ ਬਾਰੇ ਕਹਿੰਦਾ ਹੈ। ਜਿਹੜੇ ਵਿਅਕਤੀਆਂ ਪਾਲ ਸਿੰਘ ਤੇ ਕਰਤਾਰ ਸਿੰਘ ਤੋਂ ਦੂਰੀ ਬਣਾਈ ਰੱਖਣ ਲਈ ਵੀ ਦੱਸਦਾ ਹੈ। ਪ੍ਰੰਤੂ ਉਨ੍ਹਾਂ ਨਾਲ ਲੜਾਈ ਕਰਨ ਤੋਂ ਵਰਜਦਾ ਹੈ। ਦੇਸ਼ ਕੌਮ ਦੇ ਜੇ ਕਦੇ ਕੰਮ ਆ ਸਕੋ ਤਾਂ ਜ਼ਰੂਰ ਹਿੰਮਤ ਕਰਿਓ। ਇਸੇ ਤਰ੍ਹਾਂ ਚੌਥਾ ਤ ਆਪਣ ਵੱਡੇ ਭਰਾ ਰਤਨ ਸਿੰਘ ਨੂੰ ਲਿਖਦਾ ਹੈ, ਜਿਸ ਵਿੱਚ ਆਪਣੇ ਪਰਿਵਾਰ ਦੀ ਵੇਖ ਭਾਲ ਕਰਨ ਦੀ ਬੇਨਤੀ ਕਰਦਾ ਹੈ। ਉਹ ਰਤਨ ਸਿੰਘ ਨੂੰ ਦੇਸ਼ ਲਈ ਕੁਰਬਾਨੀ ਕਰਨ ਦੀ ਕਹਾਣੀ ਦੱਸਦਾ ਹੋਇਆ ਪਰਿਵਾਰਿਕ ਨਜ਼ਦੀਕੀਆਂ ਵੱਲੋਂ ਉਸ ਵਿਰੁੱਧ ਗਵਾਹ ਦੇਣ ਬਾਰੇ ਦੱਸਦਾ ਹੋਇਆ ਉਨ੍ਹਾਂ ਨਾਲ ਕਿਸੇ ਕਿਸਮ ਦਾ ਤਾਲ ਮੇਲ ਰੱਖਣ ਤੋਂ ਵਰਜਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਿੰਦਕਾਂ ਦੀ ਮੁਖ਼ਾਲਫ਼ਤ ਤੋਂ ਡਰ ਕੇ ਦੇਸ਼ ਭਗਤ ਕਦੇ ਵੀ ਆਪਣਾ ਕਦਮ ਸੇਵਾ ਵੱਲੋਂ ਨਹੀਂ ਰੋਕ ਸਕਦਾ।

ਅੰਤਿਕਾ ਵਿੱਚ ਉਨ੍ਹਾਂ ਚਾਰ ਅਜਿਹੇ ਵਿਅਕਤੀਆਂ ਦੀ ਹਰੀ ਸਿੰਘ ਜਲੰਧਰ, ਲਾਲ ਸਿੰਘ, ਮਾਸਟਰ ਕਾਬਲ ਸਿੰਘ ਗੋਬਿੰਦਪੁਰ ਅਤੇ ਅਮਰ ਸਿੰਘ ਤੇਗ ਦੀਆਂ ਸਰਗਰਮੀਆਂ ਬਾਰੇ ਵੀ ਦੱਸਿਆ ਹੈ। ਖਾਸ ਤੌਰ ਤੇ ਲਾਲ ਸਿੰਘ ਦੀ ਗਦਾਰੀ ਦਾ ਵਰਣਨ ਕੀਤਾ ਹੈ।

148 ਪੰਨਿਆਂ, 220 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

## ਵੋਟਾਂ ਪੈਣ ਦਾ ਐਲਾਨ



ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਲੋਕ ਸਭਾ ਦੀਆਂ ਵੋਟਾਂ ਪੈਣ ਦਾ

ਜਦ ਤੋਂ ਹੋਇਆ ਏ ਐਲਾਨ ਬੇਲੀ,

ਸਾਰੀਆਂ ਪਾਰਟੀਆਂ ਦੇ ਲੀਡਰਾਂ ਨੇ

ਕਵੱਲੀ ਕੱਢ ਲਈ ਏ ਬਾਹਰ ਜ਼ਬਾਨ ਬੇਲੀ।

ਇੱਕ, ਦੂਜੇ ਵਿਰੁੱਧ ਦੂਸ਼ਣਬਾਜ਼ੀ ਕਰਕੇ

ਆਪ ਹੀ ਬਣੀ ਜਾਣ ਮਹਾਨ ਬੇਲੀ।

ਨਾ ਪੂਰੇ ਹੋਣ ਵਾਲੇ ਵਾਅਦੇ ਕਰਕੇ

ਖਿੱਚਣ ਆਪਣੇ ਵੱਲ ਲੋਕਾਂ ਦਾ ਧਿਆਨ ਬੇਲੀ।

ਪਹਿਲਾਂ ਗਰੀਬਾਂ ਦੇ ਘਰਾਂ 'ਚ ਕਦੇ ਵੜ੍ਹੇ ਨ੍ਹੀ

ਹੁਣ ਉਨ੍ਹਾਂ ਕੋਲ ਥੱਲੇ ਬੈਠੀ ਜਾਣ ਬੇਲੀ।

ਕਈ, ਕਈ ਬੀਮਾਰੀਆਂ ਲੱਗੀਆਂ ਇਨ੍ਹਾਂ ਨੂੰ

ਫਿਰ ਵੀ ਖ਼ੁਦ ਨੂੰ ਸਮਝਣ ਭਲਵਾਨ ਬੇਲੀ।

ਜਦ ਵੋਟਾਂ ਪੈਣ ਦਾ ਕੰਮ ਮੁੱਕ ਜਾਣਾ

ਫੇਰ ਭੁੱਲ ਜਾਣੇ ਇਨ੍ਹਾਂ ਨੂੰ ਆਪਣੇ ਬਿਆਨ ਬੇਲੀ।